# Prime Minister NarendraModi and Prime Minister of Mauritius Mr| PravindJugnauth jointly inaugurate the new Supreme Court Building

July 30, 2020

………………………………………………………………………………………

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਸ਼੍ਰੀ ਪ੍ਰਵਿੰਦ ਜਗਨਨਾਥ ਨੇ ਕੀਤਾ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਦਾ ਸਾਂਝੇ ਤੌਰ ਤੇ ਉਦਘਾਟਨ

30 ਜੁਲਾਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਸ਼੍ਰੀ ਪ੍ਰਵਿੰਦ ਜਗਨਨਾਥ ਨੇ ਅੱਜ ਵੀਡੀਓ ਕਾਨਫਰੰਸ ਰਾਹੀਂ ਮਾਰੀਸ਼ਸ ਵਿੱਚ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਦਾ ਸਾਂਝੇ ਤੌਰ ਤੇ ਉਦਘਾਟਨ ਕੀਤਾ। ਇਹ ਇਮਾਰਤ ਰਾਜਧਾਨੀ ਸ਼ਹਿਰ ਪੋਰਟ ਲੁਈ ਅੰਦਰ ਭਾਰਤ ਦੀ ਮਦਦ ਨਾਲ ਬਣਿਆ ਪਹਿਲਾ ਬੁਨਿਆਦੀ ਢਾਂਚਾ ਪ੍ਰਾਜੈਕਟ ਹੈ, ਜਿਸਦਾ ਉਦਘਾਟਨ ਕੋਵਿਡ ਮਹਾਂਮਾਰੀ ਦੇ ਬਾਅਦ ਕੀਤਾ ਗਿਆ ਹੈ| ਇਸ ਮਹੱਤਵਪੂਰਨ ਪ੍ਰਾਜੈਕਟ ਨੂੰ ਭਾਰਤ ਸਰਕਾਰ ਵੱਲੋਂ ਦਿੱਤੀ ਗਈ 2|812 ਕਰੋੜ ਡਾਲਰ ਦੀ ਗ੍ਰਾਂਟ ਸਹਾਇਤਾ ਨਾਲ ਪੂਰਾ ਕੀਤਾ ਗਿਆ ਹੈ।

ਇਸ ਮੌਕੇ 'ਤੇ ਬੋਲਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਮਨੁੱਖ-ਕੇਂਦਰਤ ਨਜ਼ਰੀਏ ਦੀ ਮਹੱਤਤਾ ਨੂੰ ਭਾਰਤ ਦੀ ਵਿਕਾਸ ਭਾਈਵਾਲੀ ਦਾ ਮੂਲ ਫਲਸਫਾ ਕਿਹਾ ਅਤੇ ਭਾਰਤ ਅਤੇ ਮਾਰੀਸ਼ਸ ਦੇ ਨੇੜਲੇ ਸਬੰਧਾਂ ਨੂੰ ਹੋਰ ਮਜ਼ਬੂਤੀ ਦੇਣ ਵਿੱਚ ਲੋਕ-ਮੁਖੀ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੀ ਭੂਮਿਕਾ ਦੀ ਤਾਰੀਫ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਧੁਨਿਕ ਡਿਜ਼ਾਈਨ ਅਨੁਸਾਰ ਬਣੀ ਅਤੇ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਮਾਰੀਸ਼ਸ ਦੀ ਨਿਆਂਪਾਲਿਕਾ ਲਈ ਇੱਕ ਢੁਕਵੀਂ ਜਗ੍ਹਾ ਹੋਣ ਤੋਂ ਛੁੱਟ ਭਾਰਤ ਅਤੇ ਮਾਰੀਸ਼ਸ ਦੇ ਸਹਿਯੋਗ ਅਤੇ ਦੋਨਾਂ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਦਾ ਪ੍ਰਤੀਕ ਹੋਵੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪ੍ਰਾਜੈਕਟ ਤੈਅ ਸਮੇਂ ਅੰਦਰ ਅਤੇ ਲਾਗਤ ਦੇ ਸ਼ੁਰੂਆਤੀ ਅਨੁਮਾਨਾਂ ਤੋਂ ਵੀ ਘੱਟ ਲਾਗਤ ਤੇ ਪੂਰਾ ਹੋਇਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮਾਰੀਸ਼ਸ ਨਾਲ ਕੀਤੀ ਜਾ ਰਹੀ ਵਿਕਾਸ ਭਾਈਵਾਲੀ ਵਿਕਾਸ ਭਾਈਵਾਲੀਆਂ ਪ੍ਰਤੀ ਭਾਰਤ ਦੇ ਨਜ਼ਰੀਏ ਦੇ ਕੇਂਦਰ ਵਿੱਚ ਹੈ। ਉਨ੍ਹਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਭਾਰਤ ਦੀ ਵਿਕਾਸ ਭਾਈਵਾਲੀ 'ਤੇ ਕੋਈ ਵੀ ਸ਼ਰਤਾਂ ਲਾਗੂ ਨਹੀਂ ਹਨ ਅਤੇ ਨਾ ਹੀ ਇਸ ਉੱਪਰ ਕਿਸੇ ਸਿਆਸੀ ਜਾਂ ਵਪਾਰਕ ਸੋਚ ਦਾ ਅਸਰ ਪੈਂਦਾ ਹੈ। ਵਿਕਾਸ ਭਾਈਵਾਲੀ ਲਈ ਭਾਰਤ ਦਾ ਮੂਲ ਸਿਧਾਂਤ ਹੈ - ਸਾਡੇ ਭਾਈਵਾਲਾਂ ਦਾ ਸਤਿਕਾਰ ਅਤੇ ਇਸਦੀ ਮੁੱਖ ਪ੍ਰੇਰਣਾ ਹੈ ਆਪਣੇ ਵਿਕਾਸ ਦੇ ਸਬਕਾਂ ਨੂੰ ਸਾਂਝਾ ਕਰਨਾ| ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਇਨ੍ਹਾਂ ਗੱਲਾਂ ਕਾਰਨ ਹੀ 'ਵਿਕਾਸ', 'ਵੰਨ ਸੁਵੰਨਤਾ', 'ਭਵਿੱਖ ਦਾ ਧਿਆਨ', ਅਤੇ 'ਟਿਕਾਊ ਵਿਕਾਸ' ਦੀਆਂ ਮੂਲ ਕਦਰਾਂ ਕੀਮਤਾਂ ਭਾਰਤ ਦੀ ਵਿਕਾਸ ਭਾਈਵਾਲੀ ਨੂੰ ਵੱਖਰਾ ਬਣਾਉਂਦੀਆਂ ਹਨ।

ਇਹ ਕਹਿੰਦੇ ਹੋਏ ਕਿ ਭਾਰਤ ਨੂੰ ਮਾਰੀਸ਼ਸ ਦੇ ਲੋਕਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਮਹਿਸੂਸ ਹੁੰਦਾ ਹੈ, ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ ਦਾ ਭਰੋਸਾ ਪ੍ਰਗਟਾਇਆ ਕਿ ਆਉਣ ਵਾਲੇ ਸਾਲਾਂ ਵਿਚ ਭਾਰਤ-ਮਾਰੀਸ਼ਸ ਦੀ ਭਾਈਵਾਲੀ ਹੋਰ ਵੀ ਅੱਗੇ ਵਧੇਗੀ।

ਪ੍ਰਧਾਨ ਮੰਤਰੀ ਜਗਨਨਾਥ ਨੇ ਇਸ ਪ੍ਰਾਜੈਕਟ ਨੂੰ ਦੋਵਾਂ ਦੇਸ਼ਾਂ ਵਿਚਾਲ਼ੇ ਦੀ ਗੂੜ੍ਹੀ ਦੋਸਤੀ ਅਤੇ ਭਾਈਵਾਲੀ ਦਾ ਪ੍ਰਤੀਕ ਕਹਿੰਦੇ ਹੋਏ ਇਸ ਵਿੱਚ ਭਾਰਤ ਤੋਂ ਮਿਲੀ ਮਦਦ ਲਈ ਇਸਦੀ ਡੂੰਘੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਮਦਦ ਨਾਲ ਬਣੀ ਸੁਪਰੀਮ ਕੋਰਟ

ਦੀ ਨਵੀਂ ਇਮਾਰਤ ਮਾਰੀਸ਼ਸ ਅੰਦਰ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਲਈ ਇੱਕ ਨਵਾਂ ਮੀਲ ਪੱਥਰ ਹੈ ਅਤੇ ਇਸ ਨਾਲ ਮਾਰੀਸ਼ਸ ਦੀ ਨਿਆਂ ਪ੍ਰਣਾਲੀ ਨੂੰ ਵਧੇਰੇ ਕੁਸ਼ਲ, ਪਹੁੰਚਯੋਗ ਅਤੇ ਸਮਾਵੇਸ਼ੀ ਬਣਾਉਣ ਵਿਚ ਮਦਦ ਮਿਲੇਗੀ।

ਭਾਰਤ ਦੇ 'SAGAR - 'ਇਸ ਖੇਤਰ ਵਿੱਚ ਸਾਰੀਆਂ ਦੀ ਸੁਰੱਖਿਆ ਅਤੇ ਵਿਕਾਸ' ਦੇ ਦ੍ਰਿਸ਼ਟੀਕੋਣ ਅਨੁਸਾਰ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਹਿੰਦ ਮਹਾਂਸਾਗਰ ਖੇਤਰ ਵਿਚ ਮਾਰੀਸ਼ਸ ਦੇ ਭਰੋਸੇਮੰਦ ਭਾਈਵਾਲ ਵਜੋਂ ਭਾਰਤ ਦੀ ਭੂਮਿਕਾ ਨੂੰ ਦਰਸਾਉਂਦੀ ਹੈ ਅਤੇ ਇਸਦੇ ਨਾਲ ਹੀ ਦੋਨਾਂ ਮੁਲਕਾਂ ਵਿਚਾਲੇ ਦੀ ਭਵਿੱਖ-ਮੁਖੀ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਪ੍ਰਤੀ ਭਾਰਤ ਦੀ ਦ੍ਰਿੜ ਵਚਨਬੱਧਤਾ ਦਾ ਸਬੂਤ ਹੈ।

ਨਵੀਂ ਦਿੱਲੀ
30 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.